6 ਜੂਨ 2023

ਇਸ ਪੱਤਰ ਦਾ ਅਨੁਵਾਦ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਕੀਤਾ ਗਿਆ ਹੈ:

**اَلْعَرَبِيَّةُ(Arabic) Français (French) ਪੰਜਾਬੀ (Punjabi) 简体中文 (Simplified Chinese) اردو(Urdu) हिंदी (Hindi) Español (Spanish) Português (Portuguese) Tagalog**

**ਹੇਠ ਲਿਖਿਆ ਸੁਨੇਹਾ ਆਵਰ ਕਿਡਜ਼ ਨੈੱਟਵਰਕ (Our Kids Network) ਦੀ ਬਿਨਾ 'ਤੇ ਭੇਜਿਆ ਗਿਆ ਹੈ।**

ਮਾਤਾ-ਪਿਤਾ/ਸਰਪ੍ਰਸਤ ਸਾਹਿਬਾਨ ਦੇ ਧਿਆਨ ਹਿਤ,

ਆਵਰ ਕਿਡਜ਼ ਨੈੱਟਵਰਕ, ਹਾਲਟਨ ਰੀਜਨ, ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਅਤੇ ਹਾਲਟਨ ਕੈਥਲਿਕ ਡਿਸਟ੍ਰਿਕਟ ਸਕੂਲ ਬੋਰਡ ਇੱਕ "ਕਿੰਡਰਗਾਰਟਨ ਪੇਰੈਂਟ ਸਰਵੇ" (ਕੇ.ਪੀ.ਐੱਸ.) [Kindergarten Parent Survey (KPS)] ਕਰਵਾ ਰਹੇ ਹਨ। ਤੁਹਾਨੂੰ ਇਸ ਵਿੱਚ ਹਿੱਸਾ ਲੈਣ ਲਈ ਆਖਿਆ ਜਾ ਰਿਹਾ ਹੈ ਕਿਉਂਕਿ ਤੁਹਾਡਾ ਇੱਕ ਬੱਚਾ ਇਸ ਵੇਲ਼ੇ ਸੀਨੀਅਰ ਕਿੰਡਰਗਾਰਟਨ (ਦੋ-ਸਾਲਾ) ਪ੍ਰੋਗਰਾਮ ਵਿੱਚ ਦਾਖ਼ਲ ਹੈ।

**ਦੂਜੇ ਸਾਲ ਦੇ ਕਿੰਡਰਗਾਰਟਨ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਯਾਦ ਹੋਵੇਗਾ ਕਿ ਹਾਲ ਹੀ ਵਿੱਚ ਉਨ੍ਹਾਂ ਨੂੰ ਅਰਲੀ ਡਿਵੈਲਪਮੈਂਟ ਇੰਸਟਰੂਮੈਂਟ (ਈ.ਡੀ.ਆਈ.) [Early Development Instrument (EDI)], ਜੋ ਸਿੱਖਿਆ ਮੰਤਰਾਲੇ ਦੀ ਇੱਕ ਪਹਿਲਕਦਮੀ ਹੈ, ਬਾਰੇ ਇੱਕ ਬੇਨਤੀ ਮਿਲੀ ਸੀ। ਹੁਣ ਅਸੀਂ ਤੁਹਾਨੂੰ ਆਵਰ ਕਿਡਜ਼ ਨੈੱਟਵਰਕ, ਅਤੇ ਹਾਲਟਨ ਰੀਜਨ ਦੀ ਬਿਨਾ 'ਤੇ "ਕਿੰਡਰਗਾਰਟਨ ਪੇਰੈਂਟ ਸਰਵੇ" (ਕੇ.ਪੀ.ਐੱਸ.) ਪੂਰਾ ਕਰਨ ਲਈ ਆਖ ਰਹੇ ਹਾਂ।**

ਕੇ.ਪੀ.ਐੱਸ. ਦੇ ਨਤੀਜੇ ਹਾਲਟਨ ਵਿਚਲੇ ਸਾਡੇ ਬੱਚਿਆਂ ਅਤੇ ਪਰਿਵਾਰਾਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਦੇ ਹਨ। ਮਿਲੀ ਜਾਣਕਾਰੀ ਸਾਨੂੰਹਾਲਟਨ ਵਿਚਲੇ ਸਭਨਾਂ ਬੱਚਿਆਂ ਦੇ ਬਾਲ ਉਮਰ ਦੇ ਮੁਢਲੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਦਿੰਦੀ ਹੈ ਅਤੇ ਉਹ ਪ੍ਰੋਗਰਾਮ ਅਤੇ ਸਹਾਰੇ ਲੱਭਣ ਵਿੱਚ ਸਾਡੀ ਮਦਦ ਕਰਦੀ ਹੈ ਜਿਨ੍ਹਾਂ ਦੀ ਲੋੜ ਬੱਚਿਆਂ ਅਤੇ ਮਾਪਿਆਂ/ਸਰਪਰ ਤਾਂ ਨੂੰ ਹੈ।

ਕੇ.ਪੀ.ਐੱਸ. ਦੇ ਪਿਛਲੇ ਨਤੀਜੇ ਸਾਡੇ ਆਵਰ ਕਿਡਜ਼ ਨੈੱਟਵਰਕ ਦੀਆਂ ਭਾਈਚਾਰਕ ਰਿਪੋਰਟਾਂ ਵਿੱਚ ਵੇਖ ਸਕਦੇ ਹੋ ਜਿਹੜੀਆਂ ਓ.ਕੇ.ਐੱਨ. ਡੇਟਾ ਸਾਈਕਲ ਹਾਸਲ ਕਰਨ ਦੇ ਪੰਨਹ ਿ ਵਖੇ ਉਪਲਬਧ ਹਨ। ਸਾਲ 2023 ਦੇ ਨਤੀਜੇ 2023 ਦੀ ਪਤਝੜ ਵਿੱਚ ਦੱਸੇ ਜਾਣਗੇ ਅਤੇ ਆਵਰ ਕਿਡਜ਼ ਨੈੱਟਵਰਕ ਦੀ ਵੈੱਬਸਾਈਟ ਵਿਖੇ ਵੀ ਉਪਲਬਧ ਹੋਣਗੇ।

ਤੁਹਾਡੇ ਸਾਰੇ ਜਵਾਬ ਪੂਰੀ ਤਰ੍ਹਾਂ ਭੇਤ ਤਹਿਤ ਰੱਖੇ ਜਾਣਗੇ ਅਤੇ ਤੁਸੀਂ ਕਿਸੇ ਇੱਕ ਜਾਂ ਸਾਰੇ ਹੀ ਸਵਾਲਾਂ ਦਾ ਜਵਾਬ ਨਾ ਦੇਣ ਦਾ ਫੈਸਲਾ ਕਰ ਸਕਦੇ ਹੋ। ਤੁਹਾਡੇ ਬੱਚੇ ਦੇ ਸਕੂਲ ਵਿੱਚੋਂ ਕੋਈ ਵੀ ਤੁਹਾਡੇ ਦਿੱਤੇ ਜਵਾਬ ਨਹੀਂ ਦੇਖ ਸਕੇਗਾ। ਇਹ ਯਕੀਨੀ ਬਣਾਉਣ ਲਈ ਕਿ ਕਿਸੇ ਵੀ ਵਿਅਕਤੀ ਦੀ ਸ਼ਨਾਖਤ ਨਾ ਹੋ ਸਕੇ, ਇਸ ਸਰਵੇਖਣ ਦੇ ਸਾਰੇ ਡੇਟਾ ਦਾ ਸਾਰ ਕਰ ਕੇ ਸਮੂਹਕ ਪੱਧਰ ਉੱਤੇ ਪੇਸ਼ ਕੀਤਾ ਜਾਵੇਗਾ।

**ਸਰਵੇਖਣ ਅੱਜ, 6 ਜੂਨ 2023 ਤੋਂ 26 ਜੂਨ 2023 ਤਕ ਆਨਲਾਈਨ ਉਪਲਬਧ ਹੋਵੇਗਾ** ਅਤੇ ਇਸ ਵਿੱਚ ਹਿੱਸਾ ਲੈਣਾ ਪੂਰੀ ਤਰ੍ਹਾਂ ਤੁਹਾਡੀ ਮੁਤਾਬਕ ਹੋਵੇਗਾ। ਸਰਵੇਖਣ ਮੁਕੰਮਲ ਕਰਨ ਲਈ ਲਗਭਗ 15 ਮਿੰਟ ਲੱਗਣਗੇ।

ਜੇ ਤੁਹਾਨੂੰ ਇਸ ਸਰਵੇਖਣ ਦਾ ਪੀ.ਡੀ.ਐੱਫ. ਰੂਪ ਜਾਂ ਛਪੀ ਹੋਈ ਨਕਲ ਲੋੜੀਂਦੀ ਹੋਵੇ, ਕਿਰਪਾ ਕਰ ਕੇ ਆਵਰ ਕਿਡਜ਼ ਨੈੱਟਵਰਕ ਦੇ ਐਕਜ਼ੈਕਿਊਟਿਵ ਡਾਇਰੈਕਟਰ ਡਾ. ਐਲਿਜ਼ਾਬੈੱਥ ਵੈਲਜ਼ ਨਾਲ elisabeth@ourkidsnetwork.ca 'ਤੇ, ਜਾਂ ਫ਼ੋਨ ਰਾਹੀਂ 905-805-3541 'ਤੇ ਸੰਪਰਕ ਕਰੋ।

ਸਰਵੇਖਣ ਅੰਗਰੇਜ਼ੀ ਵਿੱਚ ਉਪਲਬਧ ਹੈ। ਜੇ ਤੁਹਾਡੀ ਮਾਂ-ਬੋਲੀ ਅੰਗਰੇਜ਼ੀ ਨਹੀਂ ਹੈ ਅਤੇ ਤੁਹਾਨੂੰ ਇਹ ਸਰਵੇਖਣ ਭਰਨ ਵਿੱਚ ਮਦਦ ਚਾਹੀਦੀ ਹੋਵੇ ਤਾਂ ਕਿਰਪਾ ਕਰ ਕੇ ਹਾਲਟਨ ਮਲਟੀਕਲਚਰਲ ਕੌਂਸਲ ਨਾਲ 905-842-2486, ਐਕਸਟੈਂਸ਼ਨ 221 'ਤੇ ਸੰਪਰਕ ਕਰੋ। ਜੇ ਤੁਸੀਂ ਕੋਈ ਸਵਾਲ ਪੁੱਛਣੇ ਹੋਣ ਜਾਂ ਤੁਹਾਨੂੰ ਕਿਸੇ ਗੱਲ ਦਾ ਕੋਈ ਫਿਕਰ ਹੋਵੇ, ਤਾਂ ਬੇਝਿਜਕ ਡਾ. ਐਲਿਜ਼ਾਬੈੱਥ ਵੈਲਜ਼ ਨਾਲ ਸੰਪਰਕ ਕਰੋ।

ਜੇ ਤੁਸੀਂ ਹਾਲਟਨ ਕੈਥਲਿਕ ਡਿਸਟ੍ਰਿਕਟ ਸਕੂਲ ਬੋਰਡ ਦੇ ਦਫਤਰ ਵਿੱਚ ਕਿਸੇ ਨਾਲ ਗੱਲ ਕਰਨਾ ਚਾਹੋਂ ਤਾਂ ਡਾ. ਲੀਸਾ ਕੌਲੀਮੋਰ, ਚੀਫ ਅਫਸਰ, ਰਿਸਰਚ ਐਂਡ ਡਿਵੈਲਪਮੈਂਟ ਸਰਵਿਸਿਜ਼, ਨਾਲ collimoreL@hcdsb.org 'ਤੇ ਸੰਪਰਕ ਕਰੋ। ਜੇ ਤੁਸੀਂ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੇ ਦਫਤਰ ਵਿੱਚ ਕਿਸੇ ਨਾਲ ਗੱਲ ਕਰਨਾ ਚਾਹੋਂ ਤਾਂ ਡਾ. ਰੋਜ਼ੈਨਾ ਬਿਸੈਲੀਆ, ਰਿਸਰਚ ਐਂਡ ਅਕਾਊਂਟੇਬਿਲਿਟੀ ਦੇ ਮੈਨੇਜਰ ਨਾਲ biscegliaro@hdsb.ca 'ਤੇ ਸੰਪਰਕ ਕਰੋ

ਸੁਹਿਰਦਤਾ ਸਹਿਤ,



ਐਲਿਜ਼ਾਬੈੱਥ ਵੈਲਜ਼ (Elisabeth Wells), ਪੀਐੱਚ.ਡੀ.

*ਐਕਜ਼ੈਕਿਊਟਿਵ ਡਾਇਰੈਕਟਰ, ਆਵਰ ਕਿਡਜ਼ ਨੈੱਟਵਰਕ*

***ਨੋਟ: ਤੁਹਾਡੇ ਵੱਲੋਂ ਹਿੱਸਾ ਲੈਣ ਲਈ ਧੰਨਵਾਦ ਵਜੋਂ ਅਸੀਂ ਇੱਕ ਕਿਤਾਬ ਨਾਲ ਭੇਜ ਰਹੇ ਹਾਂ ਜਿਸ ਦਾ ਤੁਸੀਂ ਅਤੇ ਤੁਹਾਡਾ ਬੱਚਾ ਮਿਲ ਕੇ ਆਨੰਦ ਮਾਣ ਸਕਦੇ ਹੋ।***

ਕੇ.ਪੀ.ਐੱਸ. ਰਾਹੀਂ ਨਿਜੀ ਜਾਣਕਾਰੀ ਹਾਲਟਨ ਕੈਥਲਿਕ ਡਿਸਟ੍ਰਿਕਟ ਸਕੂਲ ਬੋਰਡ ਅਤੇ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੀ ਬਿਨਾ 'ਤੇ ਐਜੂਕੇਸ਼ਨ ਐਕਟ (Education Act) (R.S.O. 1990 c.E.2) ss. 58.5, 265 ਅਤੇ 266, ਸੋਧਾਂ ਮੁਤਾਬਕ, ਅਤੇ ਜਾਣਕਾਰੀ ਦੀ ਹਿਫਾਜ਼ਤ ਦੇ ਨਾਗਰਿਕ ਕਾਨੂੰਨ (Municipal Freedom of Information and Protection of Privacy Act), R.S.O. 1990, c. M.56 ਦੀ ਤਾਮੀਲ ਮੁਤਾਬਕ ਇਕੱਤਰ ਕੀਤੀ ਜਾਂਦੀ ਹੈ। ਇਸ ਜਾਣਕਾਰੀ ਦੀ ਵਰਤੋਂ ਬੱਚਿਆਂ ਨੂੰ ਪੇਸ਼ ਸੇਵਾਵਾਂ ਦੇ ਸੁਧਾਰ ਹਿਤ, ਅਤੇ ਸਾਧਾਰਣ ਵਿਉਂਬੰਦੀ ਦੇ ਮਕਸਦ ਨਾਲ ਵਸੀਲਿਆਂ ਦੀ ਵੰਡ ਲਈ ਫੈਸਲੇ ਕਰਨ ਵਾਸਤੇ ਕੀਤੀ ਜਾਵੇਗੀ। ਇਸ ਜਾਣਕਾਰੀ ਦੀ ਵਰਤੋਂ ਵਿਦਿਆਰਥੀਆਂ ਦਾ ਰਿਕਾਰਡ ਸਥਾਪਤ ਕਰਨ, ਕਾਇਮ ਰੱਖਣ, ਵਰਤਣ, ਸੰਭਾਲਣ, ਮੁੰਤਕਲ ਕਰਨ ਅਤੇ ਨਿਪਟਾਰਾ ਕਰਨ ਦੇ ਇੰਤਜ਼ਾਮ ਲਈ ਐਜੂਕੇਸ਼ਨ ਐਕਟ ਨਾਲ ਮੁਤਾਬਕ ਅਤੇ ਸੰਬੰਧਤ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਨਿਯਮਾਵਲੀਆਂ ਅਤੇ ਸੋਧਾਂ ਮੁਤਾਬਕ ਕੀਤੀ ਜਾਵੇਗੀ।